

AUSTRALIAN DENTAL ASSOCIATION

# ਤੱਥ ਸ਼ੀਟ
# ਮਸੂੜਿਆਂ ਦੀ ਬਿਮਾਰੀ

## ਮਸੂੜਿਆਂ ਦੇ ਰੋਗ ਦੋ ਤਰ੍ਹਾਂ ਦੇ ਹੁੰਦੇ ਹਨ; ਜੀਜ਼ਿੰਗਵਾਈਟਿਸ ਅਤੇ ਪੀਰੀਓਡੋਨਟਾਈਟਸ

## ਜੀਜ਼ਿੰਗਵਿਟਿਸ

ਜੀਜ਼ਿੰਗਵਿਟਿਸ ਮਸੂੜਿਆਂ ਦੀ ਸਭ ਤੋਂ ਆਮ ਕਿਸਮ ਦੀ ਬਿਮਾਰੀ ਹੈ। ਮਾੜੀ ਮੂੰਹ ਦੀ ਸਫਾਈ ਦੇ ਕਾਰਨ ਮਸੂੜਿਆਂ ਦੇ ਆਲੇ ਦੁਆਲੇ ਦੰਦਾਂ 'ਤੇ ਬੈਕਟੀਰੀਆ ਇਕੱਠਾ ਹੋ ਜਾਂਦਾ ਹੈ।
ਇਸ ਨਾਲ ਮਸੂੜਿਆਂ ਦੀ ਸੋਜ ਹੋ ਸਕਦੀ ਹੈ। ਬੁਰਸ਼ ਕਰਦੇ ਸਮੇਂ ਸੁੱਜੇ ਹੋਏ ਮਸੂੜੇ ਫੁੱਲੇ ਹੋਏ ਦਿਖਾਈ ਦੇ ਸਕਦੇ ਹਨ ਅਤੇ ਖੂਨ ਨਿਕਲ ਸਕਦਾ ਹੈ।
ਮਸੂੜਿਆਂ ਤੋਂ ਖੂਨ ਨਿਕਲਣਾ ਬਿਮਾਰੀ ਦੀ ਨਿਸ਼ਾਨੀ ਹੈ। ਸਿਹਤਮੰਦ ਮਸੂੜਿਆਂ ਤੋਂ ਖੂਨ ਨਹੀਂ ਨਿਕਲਦਾ।

### ਜੀਜ਼ਿੰਗਵਿਟਿਸ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਹਰ ਰੋਜ਼ ਘਰ ਵਿੱਚ ਦੰਦਾਂ ਦੀ ਸਫਾਈ ਵਿੱਚ ਸੁਧਾਰ ਕਰਕੇ ਜੀਜ਼ਿੰਗਵਿਟਿਸ ਦਾ ਇਲਾਜ ਕੀਤਾ ਜਾ ਸਕਦਾ ਹੈ। ਇਸ ਵਿੱਚ ਦੰਦਾਂ ਦੇ ਵਿਚਕਾਰ ਬੁਰਸ਼ ਅਤੇ ਸਫਾਈ ਸ਼ਾਮਲ ਹੈ। ਦੰਦਾਂ ਦੇ ਡਾਕਟਰ ਦੁਆਰਾ ਇੱਕ ਪੇਸ਼ੇਵਰ ਦੰਦਾਂ ਦੀ ਸਫਾਈ ਦੀ ਵੀ ਲੋੜ ਹੋ ਸਕਦੀ ਹੈ।




## ਪੀਰੀਓਡੋਨਟਾਈਟਸ

ਪੀਰੀਓਡੋਨਟਾਈਟਸ ਮਸੂੜਿਆਂ ਦੀ ਇੱਕ ਗੰਭੀਰ ਕਿਸਮ ਦੀ ਬਿਮਾਰੀ ਹੈ। ਇਸਨੂੰ ਪੀਰੀਅਡੋਂਟਲ ਬਿਮਾਰੀ ਵੀ ਕਿਹਾ ਜਾਂਦਾ ਹੈ।
ਪੀਰੀਓਡੋਨਟਾਈਟਸ ਵਿਨਾਸ਼ਕਾਰੀ ਮੂੰਹ ਦੇ ਬੈਕਟੀਰੀਆ ਕਾਰਨ ਹੁੰਦਾ ਹੈ। ਦੰਦਾਂ ਨੂੰ ਥਾਂ 'ਤੇ ਰੱਖਣ ਵਾਲੀ ਹੱਡੀ ਖਤਮ ਹੋ ਜਾਂਦੀ ਹੈ। ਇਹ ਦੰਦਾਂ ਦੇ ਦੁਆਲੇ 'ਜੇਬ' ਬਣਾ ਸਕਦਾ ਹੈ। ਇਹ ਜੇਬਾਂ ਮਸੂੜਿਆਂ ਦੇ ਹੇਠਾਂ ਖਾਲੀ ਥਾਂ ਹਨ ਜਿੱਥੇ ਜ਼ਿਆਦਾ ਬੈਕਟੀਰੀਆ ਇਕੱਠੇ ਹੋ ਸਕਦੇ ਹਨ। ਕਈ ਵਾਰ ਮਸੂੜੇ ਦੰਦਾਂ ਤੋਂ ਦੂਰ ਹੋ ਜਾਂਦੇ ਹਨ। ਇਸ ਨੂੰ ਮਸੂੜਿਆਂ ਦਾ ਘਟਣਾ ਕਿਹਾ ਜਾਂਦਾ ਹੈ।

### ਪੀਰੀਅਡੋਨਟਾਈਟਸ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਦੰਦਾਂ ਦੇ ਡਾਕਟਰ ਜਾਂ ਮਸੂੜਿਆਂ ਦੇ ਮਾਹਿਰ, ਜਿਸਨੂੰ ਪੀਰੀਅਡੌਂਟਿਸਟ ਕਿਹਾ ਜਾਂਦਾ ਹੈ, ਦੁਆਰਾ ਇਲਾਜ ਦੀ ਲੋੜ ਹੁੰਦੀ ਹੈ। ਜੇ ਪੀਰੀਓਡੌਂਟਾਈਟਸ ਦਾ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਦੰਦ ਕੱਢਣ ਦੀ ਲੋੜ ਹੋ ਸਕਦੀ ਹੈ।

### ਆਮ ਲੱਛਣ

- ਦੰਦਾਂ ਤੋਂ ਮਸੂੜੇ ਦੂਰ ਹੋ ਜਾਂਦੇ ਹਨ
- ਦੰਦ ਢਿੱਲੇ ਹੋ ਜਾਂਦੇ ਹਨ
- ਸਾਹ ਦੀ ਬਦਬੂ
- ਫੁੱਲੇ ਹੋਏ ਮਸੂੜੇ
- ਦੰਦਾਂ ਨੂੰ ਬੁਰਸ਼ ਕਰਦੇ ਸਮੇਂ ਮਸੂੜਿਆਂ ਤੋਂ ਖੂਨ ਨਿਕਲਣਾ

### ਕੀ ਤੁਹਾਡੇ ਖਤਰੇ ਨੂੰ ਵਧਾਉਂਦਾ ਹੈ?

- ਮੂੰਹ ਦੀ ਮਾੜੀ ਸਫ਼ਾਈ/ ਮੂੰਹ ਦੀ ਸਫ਼ਾਈ ਦਾ ਬੁਰਾ ਹਾਲ
- ਸਿਹਤ ਨਾਲ ਸਬੰਧਤ ਹਾਲਤ, ਜਿਵੇਂ ਸ਼ੂਗਰ ਦੀ ਬਿਮਾਰੀ
- ਪਿਛਲੀਆਂ ਜਾਂ ਮੌਜੂਦਾ ਸਿਗਰਟਨੋਸ਼ੀ ਦੀਆਂ ਆਦਤਾਂ
- ਪੀਰੀਅਡੋਨਟਾਈਟਸ ਦਾ ਪਰਿਵਾਰਕ ਇਤਿਹਾਸ

**ਮਸੂੜਿਆਂ ਦੀ ਬਿਮਾਰੀ ਦੇ ਕਾਰਨ ਕੀ ਹਨ ਇਸ ਵੀਡੀਓ ਨੂੰ ਦੇਖੋ?**


Teeth .org.au

facebook.com/teeth.org.au
@teeth.org.au